16

## ਵਿਜੀਲੈਂਟਸ :
## ਰੈਗੁਲਰ, ਐਡ-ਹਾਕ ਅਤੇ ਫਰੀਲਾਂਸ

1989 ਵਿਚ, ਪੰਜਾਬ ਪੁਲਿਸ ਦੇ ਮੁੱਖੀ ਜੇ.ਐਫ਼. ਰਿਬੈਰੋ ਨੇ **ਇੰਡੀਅਨ ਐਕਸਪ੍ਰੈਸ** (31 ਜੁਲਾਈ, 1989) ਵਿਚ ਕਿਹਾ ਸੀ, "ਅੱਤਵਾਦੀਆਂ ਵਿਰੁੱਧ ਖੁਫ਼ੀਆ ਓਪਰੇਸ਼ਨ ਜ਼ਰੂਰੀ ਸਨ ਅਤੇ ਇਹ ਓਪਰੇਸ਼ਨ ਪੁਲਿਸ ਮੁੱਖੀ ਵਜੋਂ ਮੇਰੀ ਮਿਆਦ ਦੇ ਦੌਰਾਨ ਕੀਤੇ ਗਏ ਹਨ ਪਰੰਤੂ ਜਦੋਂ ਮੈਂ ਰਾਜਪਾਲ ਦੇ ਸਲਾਹਕਾਰ ਵਜੋਂ ਅਹੁਦਾ ਸੰਭਾਲਿਆ ਤਾਂ ਉਸ ਸਮੇਂ ਇਹ ਓਪਰੇਸ਼ਨ ਬੰਦ ਕਰਨ ਲਈ ਮੈਂ ਹੁਕਮ ਦਿੱਤਾ ਕਿਉਂਕਿ ਮੈਂ ਮਹਿਸੂਸ ਕੀਤਾ ਕਿ ਇੰਚਾਰਜ ਪੁਲਿਸ ਅਫ਼ਸਰਾਂ ਦਾ ਉਨ੍ਹਾਂ ਤੇ ਜੋ ਇਸ ਤਰ੍ਹਾਂ ਓਪਰੇਟ ਕਰ ਰਹੇ ਹਨ, ਕੋਈ ਕੰਟ੍ਰੋਲ ਨਹੀਂ ਹੈ ਅਤੇ ਉਹ ਹੱਥੋਂ ਨਿਕਲ ਚੁੱਕੇ ਹਨ"। ਉਨ੍ਹਾਂ ਇਹ ਵੀ ਕਬੂਲ ਕੀਤਾ ਕਿ ਇਹ ਰੁਪੋਸ਼ ਸਕੁਵੈਡ ਲੁੱਟਾਂ-ਖੋਹਾਂ ਵਿਚ ਵਿਅਸਤ ਹਨ।

ਮਾਓ ਜ਼ੇ ਤੁੰਗ ਜਿਨ੍ਹਾਂ ਨੇ ਦੋਨੋ, ਜਪਾਨ ਅਤੇ ਚਿਆਂਗ ਕਾਈ ਸ਼ੇਕ ਦੀਆਂ ਫੌਜਾਂ ਵਿਰੁੱਧ ਗੁਰੀਲਾ ਓਪਰੇਸ਼ਨਾਂ ਨੂੰ ਵਰਤਿਆ, ਨੇ ਆਪਣੇ ਲੜਾਕੂਆਂ ਨੂੰ ਲੋਕਾਂ ਵਿਚ ਸ਼ਾਮਲ ਹੋ ਕੇ ਆਪਣੀ ਸੁਰੱਖਿਆ ਕਰਨ ਦੀ ਹਦਾਇਤ ਕੀਤੀ। ਉਸ ਨੇ ਉਨ੍ਹਾਂ ਨੂੰ ਕਿਹਾ ਕਿ "ਲੋਕ ਮਹਾਂਸਾਗਰ ਹਨ ਅਤੇ ਤੁਸੀਂ ਇਕ ਮੱਛੀ ਹੋ"। ਨਾਗਾਲੈਂਡ, ਕਸ਼ਮੀਰ ਅਤੇ ਉੱਤਰ-ਪੂਰਬ ਦੀ ਤਰ੍ਹਾਂ ਪੰਜਾਬ ਵਿਚ ਗੁਰੀਲਿਆਂ ਦੇ ਲੁੱਕਣ ਵਾਸਤੇ ਇਥੇ ਨਾ ਤਾਂ ਜੰਗਲ ਹਨ ਅਤੇ ਨਾ ਹੀ ਪਹਾੜ। ਪਰੰਤੂ ਮਾਓ ਦੀ "ਮੱਛੀ" ਵਾਂਗ ਪੰਜਾਬ ਦੇ ਖਾੜਕੂ ਪੰਜਾਬ ਦੇ ਲੋਕਾਂ ਦੇ "ਮਹਾਂਸਾਗਰ" ਵਿਚ ਤਰਨ ਲਈ ਬਿਲਕੁਲ ਫ਼ਿਟ ਹਨ। ਉਹ ਸੱਚੀ "ਮਹਾਂਸਾਗਰ" ਦਾ ਇਕ ਹਿੱਸਾ ਹਨ ਅਤੇ ਜਿੰਨਾ ਚਿਰ ਉਹ "ਮਹਾਂਸਾਗਰ" ਉਨ੍ਹਾਂ ਨੂੰ ਪ੍ਰਵਾਨ ਕਰਦਾ ਹੈ, ਉਹ ਪੁਲਿਸ ਦੇ ਜਾਲ ਵਿਚੋਂ ਬਚਦੇ ਰਹਿਣਗੇ।

ਖਾੜਕੂਆਂ ਨੇ ਇਸਨੂੰ ਪੂਰੀ ਤਰ੍ਹਾਂ ਸਮਝ ਲਿਆ ਅਤੇ ਕੇਂਦਰ ਸਰਕਾਰ ਨੇ ਵੀ ਪੂਰੀ ਤਰ੍ਹਾਂ ਇਸ ਨੂੰ ਸਮਝਿਆ। ਖਾੜਕੂਆਂ ਤੇ ਕਾਬੂ ਪਾਉਣ ਦਾ ਕੇਵਲ ਇਕੋ ਇਕ ਤਰੀਕਾ "ਮਹਾਂਸਾਗਰ" ਨੂੰ "ਮੱਛੀ" ਦੇ ਖਿਲਾਫ਼ ਕਰਨਾ ਸੀ। ਪਿੰਡਾਂ ਵਿਚ ਰਹਿਣ ਵਾਲੇ ਹੀ ਖਾੜਕੂਆਂ ਨੂੰ ਲੁੱਕਣ ਲਈ ਜਗ੍ਹਾ ਦਿੰਦੇ ਸਨ। ਬੇਵਿਸ਼ਵਾਸੀ ਸਿੱਖ ਖਾੜਕੂਵਾਦ ਸਰਕਾਰ ਦਾ ਮੰਤਵ ਪੂਰਾ ਕਰੇਗਾ।

ਪੁਲਿਸ ਚੌਕਸਾਂ (ਵਿਜੀਲੈਂਟਸ) ਦਾ ਮੰਤਵ (1) ਵਿਸ਼ੇਸ਼ ਤੌਰ ਤੇ ਖਾੜਕੂਆਂ ਦੇ ਹਮਾਇਤ ਆਧਾਰ ਦੀ ਸੂਚਨਾ ਇਕੱਤਰ ਕਰਨੀ (2) ਖਾੜਕੂ ਰੈਂਕਾਂ ਵਿਚ ਦੋਚਿੱਤੀ ਪੈਦਾ ਕਰਨਾ (3) ਸਿੱਖਾਂ ਨੂੰ ਖਾੜਕੂਆਂ ਵਿਰੁੱਧ ਕਰਨਾ

ਸੀ ਅਤੇ ਇਸ ਦੇ ਉਲਟ ਉਹ ਠੋਸ ਸੂਚਨਾ ਦੇਣ ਵਿਚ ਵਾਧਾ ਕਰਨਗੇ ਅਤੇ ਨਾਲ ਹੀ ਖਾੜਕੂਆਂ ਨੂੰ ਧਰਮ ਅਸਥਾਨਾਂ ਵਿਚ ਆਉਣ ਤੋਂ ਇਨਕਾਰ ਕਰਨਾ ਵੀ ਸੀ।

*ਭਰਤੀ*

ਚੌਕਸ (ਵਿਜੀਲੈਂਟਸ) ਬਹੁਤ ਸਾਰੇ ਸਾਧਨਾਂ ਤੋਂ ਭਰਤੀ ਕੀਤੇ ਗਏ ਸਨ। ਕਈ ਦੋਸ਼ੀ ਸਨ। 1989 ਵਿਚ, ਪੰਜਾਬ ਦੀਆਂ ਜੇਲ੍ਹਾਂ ਵਿਚ 9000 ਕੈਦੀਆਂ ਦੀ ਸਮਰੱਥਾ ਦੇ ਮੁਕਾਬਲੇ, ਜੇਲ੍ਹਾਂ ਵਿਚ ਕੇਵਲ 2000 ਅਪਰਾਧੀ ਸਨ ਅਤੇ ਬਾਕੀ ਦੇ ਰਾਜਨੀਤਕ ਕੈਦੀ ਸਨ। ਬਾਕੀ ਦੇ ਅਪਰਾਧੀਆਂ, ਜੋ ਕਿ ਆਮ ਤੌਰ ਤੇ ਜੇਲ੍ਹ ਵਿਚ ਸਨ, ਉਨ੍ਹਾਂ ਨਾਲ ਕੀ ਵਾਪਰਨਾ ਸੀ ? (ਪੰਜਾਬ ਦੀਆਂ ਜੇਲ੍ਹਾਂ ਹਮੇਸ਼ਾਂ ਪੂਰੀ ਤਰ੍ਹਾਂ ਭਰੀਆਂ ਰਹਿੰਦੀਆਂ ਹਨ) ਕੁਝ ਨੂੰ ਤਾਂ ਸਪੱਸ਼ਟ ਤੌਰ ਤੇ ਖ਼ਤਮ ਕਰ ਦਿੱਤਾ ਜਾਂਦਾ ਸੀ - ਉਨ੍ਹਾਂ ਨੂੰ ਖਾੜਕੂ ਐਲਾਨ ਕਰ ਕੇ ਇਨਾਮ ਪ੍ਰਾਪਤ ਕੀਤੇ ਜਾ ਸਕਦੇ ਸਨ ਪਰੰਤੂ ਬਾਕੀਆਂ ਨੂੰ ਪੁਲਿਸ ਚੌਕਸਾਂ ਵਜੋਂ ਵਰਤ ਲਿਆ ਜਾਂਦਾ ਸੀ।

ਚੌਕਸਾਂ ਦੀ ਇਕ ਹੋਰ ਕਿਸਮ ਜਿਸ ਨੂੰ ਪੁਲਿਸ ਵਿਚ "ਕੈਟ" ਕਿਹਾ ਜਾਂਦਾ ਸੀ। ਇਹ ਉਹ ਖਾੜਕੂ ਸਨ ਜਿਨ੍ਹਾਂ ਨੂੰ ਫੜ ਲਿਆ ਜਾਂਦਾ ਸੀ ਅਤੇ ਉਨ੍ਹਾਂ ਤੇ ਉਨਾ ਚਿਰ ਤਸ਼ੱਦਦ ਕੀਤਾ ਜਾਂਦਾ ਸੀ ਜਿੰਨਾ ਚਿਰ ਉਹ ਪੁਲਿਸ ਦੇ ਹਥਿਆਰ ਵਜੋਂ ਕੰਮ ਕਰਨ ਲਈ ਤਿਆਰ ਨਹੀਂ ਸੀ ਹੋ ਜਾਂਦੇ ਅਤੇ ਉਹ ਆਪਣੇ ਸਾਥੀਆਂ ਦੇ ਥਹੁ-ਪਤਿਆਂ ਬਾਰੇ ਪੁਲਿਸ ਨੂੰ ਇਤਲਾਹ ਦਿੰਦੇ ਸਨ। ਉਨ੍ਹਾਂ ਨੂੰ ਕਾਲੇ ਸ਼ੀਸ਼ਿਆਂ ਵਾਲੀਆਂ ਬਿਨਾਂ ਨੰਬਰ ਗੱਡੀਆਂ ਵਿਚ ਲਿਜਾਇਆ ਜਾਂਦਾ ਸੀ ਅਤੇ ਉਹ ਗੱਡੀਆਂ ਅਜਿਹੀਆਂ ਜਗ੍ਹਾ ਤੇ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਸਨ ਜਿਥੋਂ ਇਹ ਸੋਚਿਆ ਜਾਂਦਾ ਸੀ ਕਿ ਇਥੋਂ ਖਾੜਕੂ ਦਿਸ ਜਾਣਗੇ। ਇਹ ਕੈਟ ਜਿਨ੍ਹਾਂ ਆਦਮੀਆਂ ਬਾਰੇ ਦਸਦੇ ਸਨ, ਪੁਲਿਸ ਉਸ ਵਿਅਕਤੀ ਨੂੰ ਗਿਰਫਤਾਰ ਕਰ ਲੈਂਦੀ ਸੀ। (ਬਾਅਦ ਵਿਚ ਇਨ੍ਹਾਂ ਕੈਟਸ ਦੀ ਕਸ਼ਮੀਰ ਵਿਚ ਵਰਤੋਂ ਕੀਤੀ ਗਈ ਸੀ)। ਇਕ ਕੈਟ ਦੀ ਅਨੁਮਾਨਿਤ ਜ਼ਿੰਦਗੀ ਲਗਭਗ ਚਾਰ ਕੁ ਮਹੀਨੇ ਹੁੰਦੀ ਸੀ।

ਉਪਰੋਕਤ ਵਰਣਿਤ ਦੋ ਤਰ੍ਹਾਂ ਦੇ ਚੌਕਸਾਂ ਦਾ ਸਿੱਧੇ ਤੌਰ ਤੇ ਪੁਲਿਸ ਸਬੰਧ ਨਾਲ ਸਬੰਧ ਹੁੰਦਾ ਸੀ ਅਤੇ ਉਨ੍ਹਾਂ ਦੀ ਵਰਤੋਂ ਵਿਚ ਮਰਜ਼ੀ ਵਰਤੀ ਜਾਂਦੀ ਸੀ ਅਤੇ ਇਕ ਤੀਜੀ ਕਿਸਮ ਦੇ ਚੌਕਸ ਉਹ ਸਨ ਜੋ ਪੁਲਿਸ ਨਾਲ ਸਬੰਧਤ ਨਹੀਂ ਸਨ ਹੁੰਦੇ (ਇਸ ਲਈ ਇਨ੍ਹਾਂ ਨੂੰ ਕਿਸੇ ਵੀ ਜੁਰਮ ਵਾਸਤੇ ਵਰਤਿਆ ਜਾ ਸਕਦਾ ਸੀ ਅਤੇ ਜੇਕਰ ਉਹ ਪਕੜੇ ਜਾਂਦੇ ਸਨ ਤਾਂ ਪੁਲਿਸ ਤੇ ਕੋਈ ਇਲਜ਼ਾਮ ਨਹੀਂ ਸੀ ਆਉਂਦਾ) ਉਨ੍ਹਾਂ ਨੂੰ "ਕੋਲੈਬੋਰੇਟਰ" ਵਜੋਂ ਜਾਣਿਆ ਜਾਂਦਾ ਸੀ।

ਗੜਬੜ ਪੈਦਾ ਕਰਨ ਦੇ ਮੰਸ਼ੇ ਨਾਲ ਬਣਾਏ ਗਏ ਗੈਂਗ ਦੀ ਇਕ ਉਦਾਹਰਣ **ਕਰੰਟ** ਰਸਾਲੇ ਦੇ 5.11.1987 ਦੇ ਇਸ਼ੂ ਵਿਚ ਸੰਖੇਪ ਰੂਪ ਵਿਚ

ਦਿੱਤੀ ਗਈ ਹੈ। ਚਿਤਰਾਂ ਸਹਿਤ ਕਹਾਣੀ ਦੀ "ਅੰਮ੍ਰਿਤਸਰ ਜ਼ਿਲ੍ਹੇ ਵਿਚ ਕਿਸੇ ਜਗ੍ਹਾ" ਜਿਥੇ ਆਲ ਇੰਡੀਆ ਹਿੰਦੂ ਸ਼ਿਵ ਸੈਨਾ ਲਗਭਗ 1000 ਨੌਜਵਾਨ ਚੇਲਿਆਂ ਨੂੰ ਹਥਿਆਰਾਂ ਦੀ ਵਰਤੋਂ ਕਮਾਂਡੋ ਟੈਕਟਸ ਦੀ ਸਿਖਲਾਈ ਦੇ ਰਹੀ ਸੀ, ਦੇ ਕੈਂਪ ਦਾ ਵਰਣਨ ਕੀਤਾ ਗਿਆ ਹੈ। ਲੜਕਿਆਂ ਨੇ ਵਾਲ ਅਤੇ ਦਾੜ੍ਹੀਆਂ ਵਧਾਈਆਂ ਹੋਈਆਂ ਸਨ ਅਤੇ ਉਹ ਸਿੱਖ ਨੌਜਵਾਨ ਜਾਪਦੇ ਸਨ। ਸੈਨਾ ਪ੍ਰਧਾਨ ਸੁਰਿੰਦਰ ਬਿੱਲਾ ਇਸ ਕੈਂਪ ਦਾ ਪ੍ਰਬੰਧਕ ਸੀ ਅਤੇ ਉਸ ਨੇ ਰਿਪੋਰਟਰ ਨੂੰ ਦੱਸਿਆ ਕਿ ਸਾਡਾ ਖਿਆਲ ਹੈ ਕਿ ਇਹ ਸਿੱਖ ਨੌਜਵਾਨ ਉਕਸਾਊ ਏਜੰਟਾਂ ਵਜੋਂ ਕੰਮ ਕਰਨਗੇ, ਸਿੱਖਾਂ ਤੇ ਹਮਲੇ ਕਰਨਗੇ ਅਤੇ ਖਾੜਕੂਆਂ ਪ੍ਰਤੀ ਸਿੱਖਾਂ ਵਿਚ ਨਫਰਤ ਪੈਦਾ ਕਰਨਗੇ।"

ਬਿੱਲੇ ਨੇ ਦਾਅਵਾ ਕੀਤਾ ਕਿ ਇਸ ਤਰ੍ਹਾਂ ਕਰਨ ਨਾਲ ਉਹ "ਸਿੱਖਾਂ ਨੂੰ ਖ਼ਤਮ ਕਰ ਦੇਵੇਗਾ"। ਉਸਨੇ ਕਿਹਾ ਕਿ ਇਹੋ ਜਿਹੇ ਕੈਂਪ ਨੌਂ ਹੋਰ ਜਗ੍ਹਾ ਤੇ ਸਥਾਪਿਤ ਕੀਤੇ ਗਏ ਹਨ। ਭਾਵੇਂ ਅਖਬਾਰਾਂ ਵਿਚ ਲਿਖਿਆ ਹੈ ਕਿ ਪੁਲਿਸ ਨੂੰ ਮੇਰੀ "ਲੋੜ" ਹੈ ਪਰੰਤੂ ਇਹ ਯਕੀਨ ਕਰਨਾ ਬਹੁਤ ਮੁਸ਼ਕਲ ਹੈ ਕਿ 1000 ਲੜਕਿਆਂ ਦੇ ਕੈਂਪ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚ ਲੱਭਣਾ ਮੁਸ਼ਕਲ ਹੋਣਾ ਸੀ ਕਿਉਂਕਿ ਇਹ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਪੁਲਿਸ ਅਤੇ ਪੈਰਾ ਮਿਲਟਰੀ ਦੁਆਰਾ ਲਗਾਇਆ ਗਿਆ ਹੋਵੇ ਅਤੇ ਇਹੀ ਕੁਝ ਬਾਕੀ ਦੇ ਨੌਂ ਕੈਂਪਾਂ ਵਿਚ ਲਾਗੂ ਹੋਵੇਗਾ ਜਿਥੇ ਕਿਤੇ ਵੀ ਉਹ ਲਗਾਏ ਗਏ ਹੋਣ। ਜੇਕਰ ਉਸ ਦੀ ਧੂਹ ਘਸੀਟ ਨਾ ਕੀਤੀ ਜਾਂਦੀ ਤਾਂ ਇਹ ਕਿਆਸ ਕਰ ਲੈਣਾ ਚਾਹੀਦਾ ਹੈ ਕਿ ਉਸ ਨੂੰ ਉਨ੍ਹਾਂ ਦੀ ਜੋ ਉਚ ਸਥਾਨਾਂ ਤੇ ਹਨ, ਦਾ ਆਸ਼ੀਰਵਾਦ ਪ੍ਰਾਪਤ ਹੈ।

ਸਮੁਦਾਇਕ ਪੱਧਰ ਤੇ ਗੜਬੜ ਪੈਦਾ ਕਰਨ ਲਈ ਭੜਕਾਊ ਏਜੰਟਾਂ ਦੀ ਵਰਤੋਂ "ਰਵਾਇਤੀ ਪ੍ਰਣਾਲੀ" ਹੈ। ਆਪਣੇ ਆਪ ਨੂੰ ਨੇੜਲੇ ਭਵਿੱਖ ਤਕ ਸੀਮਿਤ ਰੱਖ ਕੇ, ਅਸੀਂ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਸੁੱਟਣ ਅਤੇ ਗੁਰਦੁਆਰਿਆਂ ਵਿਚ ਬੀੜੀਆਂ ਸੁੱਟਣ ਨੂੰ ਗੰਵਾਰ ਧੰਦਾ ਦਸ ਸਕਦੇ ਹਾਂ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਬਲਿਊਸਟਾਰ ਤੋਂ ਪਹਿਲਾਂ ਵਾਪਰੀਆਂ। ਬਾਅਦ ਵਿਚ ਪਤਾ ਲੱਗਾ ਕਿ ਇਹ ਆਦਮੀ ਕਾਂਗਰਸ-ਆਈ ਦੇ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਦੇ ਕਹਿਣ ਤੇ ਕੰਮ ਕਰ ਰਹੇ ਸਨ। ਇਸ ਬਾਰੇ ਉਸ ਸਮੇਂ ਪਤਾ ਲੱਗਾ ਜਦੋਂ ਸ਼ਰਾਰਤੀ ਅਨਸਰਾਂ ਦੇ ਭੱਜਣ ਤੋਂ ਪਹਿਲਾਂ ਹੀ ਲੋਕ ਉਸ ਜਗ੍ਹਾ ਪਹੁੰਚ ਗਏ ਜਿਥੇ ਉਹ ਬੇਅਦਬੀ ਵਾਲੀਆਂ ਕਾਰਵਾਈਆਂ ਕਰ ਰਹੇ ਸਨ ਅਤੇ ਇੰਜ ਪਤਾ ਲੱਗਾ ਕਿ ਜਿਹੜੀਆਂ ਗੱਡੀਆਂ ਵਿਚ ਉਹ ਆਏ ਸਨ ਉਹ ਗੱਡੀਆਂ ਮੁੱਖ ਮੰਤਰੀ ਦੇ ਭਰੋਸੇ ਵਾਲੇ ਵਿਅਕਤੀਆਂ ਦੇ ਨਾਂ ਤੇ ਰਜਿਸਟਰਡ ਸਨ।

ਇਸ ਤਰ੍ਹਾਂ ਇਹ ਬਹੁਤ ਸਾਰੇ ਗੁੱਟ ਇਕੱਤਰ ਹੋ ਗਏ। ਬੰਗਲਾ ਦੇਸ਼ ਦੀ ਮੁਕਤੀ ਬਾਹਨੀ ਵਰਗੀ ਇਕ ਪੰਜਾਬ ਬਾਹਨੀ ਸੀ (ਬੰਗਾਲੀ ਰਿੰਗ ਦੇ ਨਾਮ ਵਾਲੀ) ਸਪੱਸ਼ਟ ਤੌਰ ਤੇ ਇਹ ਪੰਜਾਬ ਦੇ ਰਾਜਪਾਲ ਐਸ. ਐਸ. ਰੇਅ ਨੂੰ ਖ਼ੁਸ਼

ਕਰਨ ਲਈ ਬਣਾਈ ਗਈ ਸੀ - ਇਹ ਵੀ ਸੰਭਵ ਹੈ ਕਿ ਰੋਅ ਨੇ ਖ਼ੁਦ ਹੀ ਬਣਾਈ ਹੋਵੇ। ਅੰਮ੍ਰਿਤਸਰ ਦੇ ਐਸ ਐਸ ਪੀ, ਇਜ਼ਹਾਰ ਆਲਮ ਜਿਸਨੇ ਨੋ-ਗੁਡਨਿਕਸ ਦਾ ਇਕ ਟਰੁੱਪ ਤਿਆਰ ਕੀਤਾ ਜਿਸਨੂੰ ਉਸ ਨੇ ਆਲਮ ਸੈਨਾ ਕਿਹਾ, ਦੀ ਅਗਵਾਈ ਨੂੰ ਵੇਖਦੇ ਹੋਏ, ਬਹੁਤ ਸਾਰੇ ਐਸ ਐਸ ਪੀਜ਼ ਨੇ ਆਪਣੇ ਛੋਟੇ ਛੋਟੇ ਗੁੱਟ ਸਕੁਵੈਡ ਭਰਤੀ ਕਰ ਲਏ। ਕਈਆਂ ਕੋਲ ਅਜਿਹੇ ਗਰੁੱਪ ਸਨ ਜੋ ਰੈੱਡ ਬ੍ਰਿਗੇਡ, ਸਰਾਭਾ ਬ੍ਰਿਗੇਡ, ਗੁਰੀਲਾ ਸਕੁਐਡ ਅਤੇ ਇਸ ਤਰ੍ਹਾਂ ਹੋਰ ਨਾਵਾਂ ਨਾਲ ਕੰਮ ਕਰ ਰਹੇ ਸਨ।

ਅਜਿਹੇ ਹੀ ਇਕ ਗਰੁੱਪ ਨੂੰ ਬਣਾਉਣ ਸਬੰਧੀ ਐਲਾਨ ਇਕ ਪ੍ਰੈਸ ਕਾਨਫਰੰਸ ਵਿਚ ਕੀਤਾ ਗਿਆ ਸੀ। 9 ਅਕਤੂਬਰ, 1990 ਨੂੰ, **ਦਿ ਟ੍ਰਿਬਿਊਨ** ਨੇ ਰਿਪੋਰਟ ਦਿੱਤੀ "ਭਾਰਤੀ ਰਾਸ਼ਟਰੀ ਫੌਜ, ਇਕ ਖਾੜਕੂ ਸੰਸਥਾ ਨੇ ਪੰਜਾਬ ਵਿਚ ਖਾੜਕੂਆਂ ਨਾਲ ਲੜਨ ਲਈ ਕਮਾਂਡੋ ਭਰਤੀ ਕੀਤੇ ਹਨ। ਸ੍ਰੀ ਦਿਆਲ ਸਿੰਘ, ਫੌਜ ਦੇ ਮੁੱਖ ਜਨਰਲ ਨੇ ਕਿਹਾ ਕਿ ਇਹ ਕਮਾਡੋਜ਼ ਫੌਜ, ਬੀ.ਐਸ. ਐਫ., ਸੀ ਆਰ ਪੀ ਐਫ ਅਤੇ ਪੰਜਾਬ ਪੁਲਿਸ ਤੋਂ ਲਏ ਗਏ ਸਨ। ਉਸਨੇ ਇਹ ਵੀ ਕਿਹਾ ਕਿ ਕਮਾਂਡੋ ਜੋ ਗੁਪਤ ਤੌਰ ਤੇ ਕੰਮ ਕਰ ਰਹੇ ਹਨ, ਉਹ ਖਾੜਕੂਆਂ ਨੂੰ ਫੜ ਕੇ ਪੁਲਿਸ ਦੇ ਹਵਾਲੇ ਕਰਨਗੇ। ਉਸਨੇ ਇਕ ਕਮਾਂਡੋ ਦੀ ਅਖਬਾਰ ਵਾਲਿਆਂ ਨਾਲ ਮੁਲਾਕਾਤ ਕਰਵਾਈ ਜਿਸਨੇ ਦਾਅਵਾ ਕੀਤਾ ਕਿ ਉਹ ਬੀ ਐਸ ਐਫ ਨਾਲ ਸਬੰਧਤ ਹੈ।

"ਸ੍ਰੀ ਦਿਆਲ ਸਿੰਘ ਨੇ ਪੈਰਾ ਮਿਲਟਰੀ ਤਾਕਤਾਂ, ਫੌਜ ਅਤੇ ਪੁਲਿਸ ਤੋਂ ਕਮਾਂਡੋਜ਼ ਦੀ ਭਰਤੀ ਕਰਨ ਵਾਲੇ ਓਮ ਪ੍ਰਕਾਸ਼, ਪ੍ਰੇਮ ਕੁਮਾਰ, ਕੰਵਲ ਕੁਮਾਰ, ਦਵਾਰਕਾਨਾਥ ਸਿੰਘ ਅਤੇ ਮੁਹੰਮਦ ਫਰੂਕ ਦੀ ਨਿਯੁਕਤੀ ਦਾ ਐਲਾਨ ਕੀਤਾ। ਸ੍ਰੀ ਸਰਵਜੀਤ ਸਿੰਘ ਨੂੰ ਭਾਰਤੀ ਰਾਸ਼ਟਰੀ ਫੌਜ ਦਾ ਲੈਫਟੀਨੈਂਟ ਜਨਰਲ ਨਿਯੁਕਤ ਕੀਤਾ ਗਿਆ ਹੈ।"

ਹਰ ਇਕ ਨੂੰ ਇਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਸਰਕਾਰ ਤੋਂ ਤਨਖਾਹ ਪ੍ਰਾਪਤ ਕਰ ਰਹੇ ਅਤੇ ਪੁਲਿਸ, ਪੈਰਾ ਮਿਲਟਰੀ ਅਤੇ ਫੌਜ ਦੇ ਅਨੁਸ਼ਾਸਨ ਅਧੀਨ ਕੰਮ ਕਰ ਰਹੇ ਵਿਅਕਤੀ ਭਾਰਤੀ ਰਾਸ਼ਟਰੀ ਸੈਨਾ ਵਿਚ ਕਿਵੇਂ ਭਾਗ ਲੈਂਦੇ ਹਨ। (ਇਹ ਨਾਂ ਦੂਜੀ ਵਿਸ਼ਵ ਜੰਗ ਵਿਚ ਜਪਾਨ ਦਾ ਪੱਖ ਲੈਣ ਲਈ ਅਜ਼ਾਦੀ ਤੋਂ ਪਹਿਲਾਂ ਅਜ਼ਾਦੀ ਘੁਲਾਟੀਏ ਸੁਭਾਸ਼ ਚੰਦਰ ਬੋਸ ਦੁਆਰਾ ਖੜ੍ਹੀ ਕੀਤੀ ਗਈ ਕ੍ਰਾਂਤੀਕਾਰੀ ਫੌਜ ਤੋਂ ਜਿਵਾਇਆ ਗਿਆ ਸੀ।)

### *ਖੱਬਿਆਂ ਦੀ ਭੂਮਿਕਾ*

ਆਮ ਤੌਰ ਤੇ ਗੜਬੜੀ ਦੇ ਸਮਿਆਂ ਦੇ ਦੌਰਾਨ, ਖੱਬਿਆਂ ਦੀ ਭੂਮਿਕਾ ਤੇ ਵਿਚਾਰ-ਵਟਾਂਦਰਾ ਕੀਤੇ ਬਗੈਰ ਖੱਬੇ ਚੌਕਸੀ ਸੰਗ੍ਰਹਿਆਂ ਬਾਰੇ ਕੋਈ ਵੀ ਬਹਿਸ ਬੰਦ ਨਹੀਂ ਕਰ ਸਕਦਾ। ਹਰ ਭਾਰਤੀ ਖੱਬੇ-ਪੱਖੀ ਇਕ ਮਿਨੀ ਲੈਨਿਨ ਹੈ - ਅਤੇ ਉਸਦੀ ਤੀਖਣ ਬੁੱਧੀ ਹੁੰਦੀ ਹੈ, ਇਤਿਹਾਸ ਬਾਰੇ ਪੂਰਾ ਗਿਆਨ ਹੁੰਦਾ ਹੈ ਅਤੇ ਮਿਲਟਰੀ ਟੈਕਟਿਕਸ ਹੋਣ ਦੇ ਨਾਲ ਨਾਲ

ਮਸੀਹੀ ਕਰਿਸਮਾ ਵੀ ਹੁੰਦਾ ਹੈ। ਜਦੋਂ ਪੰਜਾਬ ਵਿਚ ਸਮੱਸਿਆ ਸ਼ੁਰੂ ਹੋਈ ਤਾਂ ਖੱਬਿਆਂ ਨੇ ਲਹਿਰ ਦੀ ਕ੍ਰਾਂਤੀਕਾਰੀ ਸੰਭਾਵਨਾ ਦਾ ਅਧਿਐਨ ਕਰਨ ਲਈ ਆਪਣਾ ਧਿਆਨ ਮੋੜਿਆ। ਕੀ ਇਹ ਬਹੁਤ ਜ਼ਿਆਦਾ ਉਭਾਰ ਨਹੀਂ ਸੀ ਅਤੇ ਜੇਕਰ ਸੀ ਤਾਂ ਕੀ ਇਸਨੂੰ ਖੱਬਿਆਂ ਵੱਲ ਮੋੜਿਆ ਜਾ ਸਕਦਾ ਹੈ ਅਤੇ ਕਿਵੇਂ?

ਇਕ ਮਨੁੱਖੀ ਅਧਿਕਾਰਾਂ ਵਾਲੇ ਕਾਰਜਕਰਤਾ ਨੂੰ ਆਪਣੇ ਪਿੰਡ ਜਾਣ ਤੋਂ ਰੋਕਿਆ ਜਾ ਸਕਦਾ ਹੈ ਪਰੰਤੂ ਪੁਲਿਸ ਨੇ ਸਾਰੇ ਭਾਰਤ ਤੋਂ ਵਿਜ਼ੀਟਿੰਗ ਨਕਸਲਵਾਦੀਆਂ ਦੇ ਦੂਰ ਦੇ ਰਸਤਿਆਂ ਵਿਚ ਦਖਲਅੰਦਾਜ਼ੀ ਕਰਨ ਲਈ ਕੋਈ ਕਾਰਨ ਨਾ ਦੇਖਿਆ। ਉਹ ਪੰਜਾਬ ਵਿਚ ਖੁਲ੍ਹੇਆਮ ਘੁੰਮਦੇ ਸਨ ਅਤੇ ਖਾੜਕੂਆਂ ਨਾਲ ਸਬੰਧ ਕਾਇਮ ਕਰਦੇ ਸਨ। (ਇਥੇ ਇਹ ਯਾਦ ਕੀਤਾ ਜਾਂਦਾ ਹੈ ਕਿ ਨਕਸਲਵਾਦੀ ਗਰੁੱਪ ਖ਼ੁਦ ਵੀ ਸਰਕਾਰੀ ਓਪਰੇਟਿਵਾਂ ਦੁਆਰਾ ਕਾਫੀ ਮਾਤਰਾ ਵਿਚ ਘੁਸੇ ਹੋਏ ਸਨ) ਬਿਨਾਂ ਝਿਜਕ ਉਹ ਲੋਕਾਂ ਨੂੰ ਮਾਰਨ ਸਬੰਧੀ ਇਥੋਂ ਤਕ ਕਿ ਸਿਵਿਲੀਅਨਾਂ ਨੂੰ ਵੀ ਮਾਰਨ ਸਬੰਧੀ ਆਪਣੀ ਸਹਿਮਤੀ ਬਾਰੇ ਐਲਾਨ ਕਰ ਦਿੰਦੇ ਸਨ ਜਿਵੇਂ ਕਿ ਉਹ "ਇਸੇ ਮੰਤਵ ਲਈ ਸਨ"। ਬਹੁਤ ਸਾਰੀਆਂ ਥਾਵਾਂ ਤੇ, ਫਲਾਂ ਫਲਾਂ ਜੱਥੇਦਾਰ ਨੂੰ "ਕੇਸਰੀ ਸਲਾਮ" ਅਤੇ ਇਹੋ ਜਿਹੇ ਹੋਰ ਨਾਹਰਿਆਂ ਵਾਲੇ ਪੋਸਟਰ ਕੰਧਾਂ ਤੇ ਆਮ ਵੇਖੇ ਜਾਂਦੇ ਸਨ। ਇਹ ਸੰਭਵ ਨਹੀਂ ਹੈ ਕਿ ਕੋਈ ਸਿੱਖ ਖਾੜਕੂ ਆਪਣੇ ਜੱਥੇਦਾਰ ਨੂੰ ਸਲਾਮ ਕਰੇ।

ਖਾੜਕੂਆਂ ਦੀ ਕਾਰਵਾਈ ਵਾਲੀ ਨੀਤੀ ਨੇ ਬਹੁਤ ਸਾਰੇ ਖੱਬੇਪੱਖੀ ਨੌਜਵਾਨਾਂ ਨੂੰ ਆਪਣੇ ਵਲ ਪ੍ਰੇਰਿਤ ਕੀਤਾ। "ਨਕਸਲਵਾੜੀਏ ਅਤੇ ਟੈਕਸਾਲਵਾੜੀਏ" ਵਜੋਂ ਹਵਾਲਾ ਦੇਣਾ ਆਮ ਗੱਲ ਹੋ ਗਈ ਸੀ। (ਬਾਅਦ ਵਾਲਾ ਨਾਂ ਸਿੱਖ ਸੈਮੀਨਰੀ, ਦਮਦਮੀ ਟਕਸਾਲ ਨਾਲ ਲਗਦਾ ਹੈ ਜਿਸ ਦੇ ਮੁੱਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਨ) ਵਿਸ਼ੇਸ਼ ਤੌਰ ਤੇ "ਟੈਕਸਲਾਈਟ" ਦਾ ਹਵਾਲਾ ਉਨ੍ਹਾਂ ਖੱਬੇ-ਪੱਖੀਆਂ ਬਾਰੇ ਦਿੱਤਾ ਜਾਂਦਾ ਸੀ ਜੋ ਵਿਚਾਰਕ ਤੌਰ ਤੇ ਸਿੱਖ ਪਾਸੇ ਵੱਲ ਚਲੇ ਗਏ ਸਨ। ਦੂਸਰਿਆਂ ਨੇ ਖੱਬੇ-ਪੱਖੀਆਂ ਵੱਲ ਹੀ ਆਪਣੀ ਦਿਆਨਤਦਾਰੀ ਰੱਖੀ ਅਤੇ ਅਜੇ ਵੀ ਜਿਹੜੇ ਰਹਿ ਗਏ ਸਨ ਉਹ ਮੁੱਢਲੇ ਤੌਰ ਤੇ ਦੁਬਿਧਾ ਵਿਚ ਸਨ ਅਤੇ ਉਹ ਇਕੋ ਸਾਹੇ ਦੋਨੋਂ ਪੋਲ ਪੌਟ ਅਤੇ ਬਾਬਾ ਨਾਨਕ ਦਾ ਨਾਂ ਲੈਂਦੇ ਸਨ। ਇਥੇ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਬਹੁਤ ਸਾਰੇ ਮੁਢਲੀ ਵਿਚਾਰਧਾਰਾ ਵਾਲੇ ਨੌਜਵਾਨ ਲੜਾਈ ਝਗੜੇ ਦੌਰਾਨ ਮਾਰੇ ਗਏ ਸਨ।

ਸਿੱਖ ਲਹਿਰ ਵਿਚ ਨਕਸਲਬਾੜੀ ਖਿਚਾਓ ਦੇ ਵਾਧੇ ਦਾ ਜਿਥੋਂ ਤਕ ਸਿੱਖਾਂ ਦਾ ਸਬੰਧ ਹੈ, ਨਾਂਹਪੱਖੀ ਅਸਰ ਸੀ ਕਿਉਂਕਿ ਇਸਨੇ ਲਹਿਰ ਦੀ ਮੁੱਢਲੀ ਨੀਂਹ ਨੂੰ ਕਮਜ਼ੋਰ ਕਰ ਦਿੱਤਾ ਸੀ। ਆਪਣੇ ਇਸ ਗੁੱਟ ਨੂੰ ਧਾਰਮਿਕ ਲਹਿਰ ਵਿਚ ਸੁੱਟਣਾ ਖੱਬੇ-ਪੱਖੀਆਂ ਦਾ ਜਮਾਂਦਰੂ ਵਿਰੋਧ ਸੀ।

ਖੱਬੇ-ਪੱਖੀਆਂ ਦਾ ਮੁੱਖ ਉਦੇਸ਼ ਲਹਿਰ ਦੇ ਕਰੈਕਟਰ ਨੂੰ ਸਿੱਖ ਲਹਿਰ ਤੋਂ ਪੰਜਾਬੀਅਤ ਲਈ ਯੁੱਧ ਵਿਚ ਬਦਲਣਾ ਸੀ - ਦੂਜੇ ਸ਼ਬਦਾਂ ਵਿਚ ਉਨ੍ਹਾਂ ਦੀ ਧਾਰਮਿਕ ਪ੍ਰਕ੍ਰਿਤੀ ਨੂੰ ਨਾਸਤਿਕ ਪ੍ਰਕ੍ਰਿਤੀ ਵਿਚ ਬਦਲਣਾ।

ਗੜਬੜ ਦਾ ਇਹ ਦਹਾਕਾ ਵਿਸ਼ੇਸ਼ ਤੌਰ ਤੇ ਉਨ੍ਹਾਂ ਵਿਅਕਤੀਆਂ ਲਈ ਸਮੱਸਿਆਵਾਂ ਭਰਿਆ ਸੀ ਜੋ ਸੀ.ਪੀ.ਆਈ. ਅਤੇ ਸੀ.ਪੀ.ਐਮ. ਦੇ "ਪੁਰਾਣੇ ਗਾਰਡ" ਦੀ ਪ੍ਰਤਿਨਿਧਤਾ ਕਰਦੇ ਸਨ। ਜਦੋਂ ਪੰਜਾਬ ਵਿਚ ਬਲਿਊਸਟਾਰ ਤੋਂ ਬਾਅਦ ਗੜਬੜ ਸ਼ੁਰੂ ਹੋਈ, ਤਾਂ ਉਨ੍ਹਾਂ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਹ ਕਿਸ ਪਾਸੇ ਜਾਣ। ਕੋਈ ਵੀ ਵਿਅਕਤੀ ਇਹ ਵੇਖ ਸਕਦਾ ਹੈ ਕਿ ਇਹ ਉਹ ਸਮੇਂ ਸਨ ਜਦੋਂ ਖੱਬੇਪੱਖੀ ਖ਼ੁਦ ਸਕੀਮ ਬਣਾ ਸਕਦੇ ਸਨ ਅਤੇ ਉਨ੍ਹਾਂ ਲੋਕਾਂ ਨੂੰ ਅਪੀਲ ਕਰ ਸਕਦੇ ਸਨ ਜੋ ਕਾਂਗਰਸ ਦੇ ਝੂਠੇ ਲਾਰਿਆਂ ਤੋਂ ਨਿਰਾਸ਼ ਸਨ ਪਰੰਤੂ ਸਿੱਖ ਜਾਂ ਹਿੰਦੂ ਦੀ ਅੰਤਿਮ ਕਿਸਮ ਦੇ ਬਰਾਬਰ ਵਿਰੋਧੀ ਸਨ।

ਪਰੰਤੂ ਇਸ ਸਕੀਮ ਨੂੰ ਸਿਰੇ ਕਿਵੇਂ ਚੜ੍ਹਾਇਆ ਜਾਵੇ ? ਕਮਿਊਨਿਸਟ ਪਾਰਟੀਆਂ ਵਿਚੋਂ ਕਿਸੇ ਪਾਰਟੀ ਪਾਸ ਚੇਲਿਆਂ ਦੀ ਵਾਧੂ ਸਪਲਾਈ ਨਹੀਂ ਸੀ ਸਗੋਂ ਹਰ ਇਕ ਆਦਮੀ ਕੀਮਤੀ ਸੀ ਅਤੇ ਕਿਸੇ ਨੂੰ ਵੀ ਤੋਪ ਦੇ ਮੂੰਹ ਅੱਗੇ ਸਹਿਜੇ ਹੀ ਨਹੀਂ ਸੀ ਭੇਜਿਆ ਜਾ ਸਕਦਾ। ਨਹੀਂ, ਇਹ ਸਕੀਮ ਜ਼ਬਾਨੀ ਕਿਸਮ ਦੀ ਹੀ ਹੋਵੇਗੀ।

ਸੀ.ਪੀ.ਅਈ. ਦੇ ਨੇਤਾ ਸ਼੍ਰੀ ਸੱਤਪਾਲ ਡਾਂਗ ਖੱਬਿਆਂ ਦੇ ਮਾਨਵ ਬੁਲਾਰੇ ਵਜੋਂ ਉਭਰੇ ਹਨ। ਉਹ ਯੂਨੀਵਰਸਿਟੀ ਆਡੀਟੋਰੀਅਮਾਂ ਅਤੇ ਪਿੰਡ ਦੀਆਂ ਚੌਪਾਲਾਂ ਵਿਚ, ਪਾਰਟੀ ਪਲੈਟਫਾਰਮਾਂ ਤੇ ਅਤੇ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਬੋਲੇ। ਖੇਤਰੀ ਅਤੇ ਰਾਸ਼ਟਰੀ ਪ੍ਰਕਾਸ਼ਨਾਂ ਦੇ ਸੰਪਾਦਕਾਂ ਨੇ ਉਸਦੇ ਪੱਤਰਾਂ ਅਤੇ ਲੇਖਾਂ ਨੂੰ ਪ੍ਰਕਾਸ਼ਿਤ ਕੀਤਾ, ਕਿਉਂਕਿ ਸੱਤਪਾਲ ਡਾਂਗ ਇਤਨੇ ਸਪੱਸ਼ਟ ਸਨ ਅਤੇ ਉਨ੍ਹਾਂ ਦੇ ਭਾਸ਼ਣ ਪ੍ਰਕਾਸ਼ਿਤ ਕੀਤੇ ਗਏ ਹਨ ਅਤੇ ਇਸ ਲਈ ਉਨ੍ਹਾਂ ਦੀ ਅਸਾਨੀ ਨਾਲ ਤੁਲਨਾ ਕੀਤੀ ਜਾਂਦੀ ਹੈ, ਇਸ ਲਈ ਉਨ੍ਹਾਂ ਦੀ ਸੋਚ ਵਿਚ ਤਬਦੀਲੀਆਂ ਅਤੇ ਪੈਂਤੜੇਬਾਜ਼ੀਆਂ ਦਾ ਪਤਾ ਲਗਾਉਣਾ ਸੌਖੀ ਗੱਲ ਹੈ ਜਿਸਨੂੰ ਉਸ ਦੀ ਪਾਰਟੀ ਅਤੇ ਆਮ ਤੌਰ ਤੇ ਖੱਬੇਪੱਖੀਆਂ ਤੇ ਪ੍ਰਭਾਵ ਪਾਊ ਵਜੋਂ ਲਿਆ ਜਾ ਸਕਦਾ ਹੈ।

1995 ਤਕ, ਜਦੋਂ ਅਕਾਲੀਆਂ ਦੀ ਸੰਭਾਵਿਤ ਵਾਪਸੀ ਦੀ ਗੱਲ ਸਰਕੁਲੇਟ ਹੋਣੀ ਸ਼ੁਰੂ ਹੋ ਗਈ ਤਾਂ ਡਾਂਗ ਨੇ ਕੁਝ ਜਨਤਕ ਪ੍ਰਚਾਰ ਕਰਨਾ ਮੁਨਾਸਿਬ ਸਮਝਿਆ। ਉਸ ਸਾਲ ਦੀ 5 ਜੁਲਾਈ ਨੂੰ, **ਦਿ ਟ੍ਰਿਬਿਊਨ** ਅਖਬਾਰ ਨੇ "ਕੇ.ਪੀ.ਐਸ. ਗਿੱਲ ਨੂੰ ਖੁੱਲ੍ਹੀ ਚਿੱਠੀ" ਪ੍ਰਕਾਸ਼ਿਤ ਕੀਤੀ। ਇਸ ਬੇਤਰਤੀਬੇ ਪੱਤਰ ਦੇ ਵਿਚ ਹੋਰਨਾਂ ਗੱਲਾਂ ਦੇ ਨਾਲ, ਉਨ੍ਹਾਂ ਨੇ ਲਿਖਿਆ - "ਜਿਥੇ ਨੇਕਨੀਤੀਆਂ ਵਾਲੀਆਂ ਗਲਤੀਆਂ ਦੇ ਸਿੱਟੇ ਵਜੋਂ ਮਾਸੂਮ ਲੋਕਾਂ ਦਾ ਕਤਲ ਕੀਤਾ ਗਿਆ ਹੈ ਤਾਂ ਇਹ ਮੰਗ ਕੀਤੀ ਗਈ ਸੀ ਕਿ ਅੱਤਵਾਦ ਤੋਂ ਪ੍ਰਭਾਵਿਤ ਲੋਕਾਂ ਨੂੰ ਜਿੰਨਾ ਮੁਆਵਜ਼ਾ ਦਿੱਤਾ ਗਿਆ ਹੈ ਇਨ੍ਹਾਂ ਨੂੰ ਵੀ ਉਤਨਾ ਹੀ ਮੁਆਵਜ਼ਾ ਦਿੱਤਾ ਜਾਵੇ। ਜਦੋਂ ਬਦਨੀਤੀ ਕਰਕੇ ਮਾਸੂਮ ਲੋਕਾਂ ਦੀ ਹੱਤਿਆ ਕੀਤੀ ਗਈ ਹੈ ਤਾਂ ਇਹ ਮੰਗ ਸੀ ਕਿ ਅਜਿਹੇ ਕੇਸਾਂ ਵਿਚ ਸਖ਼ਤ ਸਜ਼ਾ ਦਿੱਤੀ ਜਾਵੇ। ਸਾਧਾਰਣ ਤੌਰ ਤੇ ਬੋਲਦਿਆਂ ਇਹ ਮੰਗਾਂ ਪ੍ਰਵਾਨ ਨਹੀਂ ਸਨ ਕੀਤੀਆਂ

ਗਈਆਂ। ਇਹ ਇਕ ਗਲਤ ਥਿਊਰੀ ਸੀ ਕਿ ਇਸ ਤਰ੍ਹਾਂ ਕਰਨ ਨਾਲ ਪੁਲਿਸ ਦਾ ਹੌਂਸਲਾ ਗਿਰੇਗਾ। ਇਹ ਵੀ ਕਿ ਅੱਤਵਾਦ ਤੋਂ ਪ੍ਰਭਾਵਿਤ ਹੋ ਰਹੇ ਮਾਸੂਮ ਵਿਅਕਤੀਆਂ ਦੀ ਮਦਦ ਨਹੀਂ ਸੀ ਕੀਤੀ ਜਾ ਸਕਦੀ। ਇਹ ਵੀ ਇਕ ਸਚਾਈ ਸੀ ਕਿ ਬਹੁਤ ਜ਼ਿਆਦਾ ਇਤਰਾਜ਼ਯੋਗ "ਉਤਸਾਹ" ਦਿੱਤੇ ਗਏ ਸਨ ਅਰਥਾਤ ਅਫ਼ਸਰਾਂ ਨੂੰ ਇਹ ਕਿਹਾ ਗਿਆ ਸੀ ਕਿ ਲੁੱਟਾਂਖੋਹਾਂ ਕਰਨ ਵਾਲਿਆਂ ਨੂੰ ਪਕੜਣ ਤੋਂ ਬਾਅਦ ਉਹ ਉਨ੍ਹਾਂ ਤੋਂ ਜਿਤਨਾ ਵੀ ਚਾਹੁਣ, ਪੈਸਾ ਲੈ ਸਕਦੇ ਹਨ।

"ਇਸ ਦਾ ਨਤੀਜਾ ਇਹ ਹੋਇਆ ਕਿ ਛੋਟੇ-ਛੋਟੇ ਅਪਰਾਧੀਆਂ ਅਤੇ ਹਾਲ ਹੀ ਵਿਚ ਗਲਤ ਅਗਵਾ ਹੋਏ ਨੌਜਵਾਨਾਂ ਨੂੰ ਇਹ ਧਮਕੀਆਂ ਦਿੱਤੀਆਂ ਗਈਆਂ ਸਨ ਕਿ ਜੇਕਰ ਉਹ ਜਾਂ ਉਨ੍ਹਾਂ ਦੇ ਮਾਪੇ ਬਹੁਤ ਜ਼ਿਆਦਾ ਪੈਸਾ ਨਹੀਂ ਦੇਣਗੇ ਤਾਂ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ।

ਜਿਵੇਂ ਅਸੀਂ ਹੁਣ ਵੇਖਾਂਗੇ ਕਿ ਡਾਂਗ ਅਤੇ ਉਸ ਦੀ ਪਾਰਟੀ ਦੇ ਸਾਥੀ ਇਹ ਪਤਾ ਕਰਨ ਦੀ ਸਥਿਤੀ ਵਿਚ ਹਨ ਕਿ ਪੁਲਿਸ ਨੂੰ ਕਿਸ ਤਰ੍ਹਾਂ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ।

*ਗੱਦਾਰ ਅਤੇ ਮੁਖਬਰ*

ਖੱਬੇ-ਪੱਖੀ ਗਰਮ-ਵਿਚਾਰਧਾਰਾ ਨਾਲ ਸਬੰਧਤ ਵਿਅਕਤੀਆਂ ਨੇ ਬਹੁਤਾ ਫਾਇਦੇਮੰਦ ਸੂਚਨਾਵਾਂ ਦਿੱਤੀਆਂ ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਦਿਹਾਤੀ ਪਿਛੋਕੜ ਵਾਲੇ ਸਨ ਅਤੇ ਉਨ੍ਹਾਂ ਦੀ ਬਾਹਰੀ ਦਿਖ ਨੇ ਉਨ੍ਹਾ ਨੂੰ ਲੋਕਾਂ ਵਿਚ ਹੋਰ "ਕਾਰਵਾਈ ਕਰਨ ਵਾਲੇ" ਗਰੁੱਪਾਂ ਨਾਲ ਨੇੜੇ ਦਾ ਸਬੰਧ ਰੱਖਣ ਲਈ ਉਤਸ਼ਾਹਿਤ ਕੀਤਾ।

ਅਠਵੇਂ ਦਹਾਕੇ ਦੇ ਅੰਤ ਵਿਚ ਬਹੁਤ ਸਾਰੇ ਉੱਚ ਖੱਬੇਪੱਖੀਆਂ ਦਾ ਕਤਲ ਕੀਤਾ ਗਿਆ ਸੀ - ਜਿਵੇਂ ਕਵੀ ਅਵਤਾਰ ਸਿੰਘ ਪਾਸ਼, ਗਾਇਕ ਜੈਮਲ ਸਿੰਘ ਪੱਡਾ, ਨੇਤਾ ਦਰਸ਼ਨ ਸਿੰਘ ਕਨੇਡੀਅਨ। ਕੀ ਖੱਬਿਆਂ ਨੂੰ ਸਰਕਾਰ ਦੇ ਸਹਿਯੋਗ ਵਿਚ ਲਿਆਉਣ ਲਈ ਇਹ ਲੋਕ ਸਰਕਾਰ ਦੇ ਏਜੰਟਾਂ ਦੁਆਰਾ ਮਾਰੇ ਗਏ ਸਨ ? ਜਿਸਨੇ ਵੀ ਉਨ੍ਹਾਂ ਨੂੰ ਮਾਰਿਆ ਉਹ ਇਸ ਦਾ ਹੀ ਨਤੀਜਾ ਸੀ। ਇਹ ਉਹ ਸਮਾਂ ਸੀ ਜਦੋਂ ਅਜਿਹੇ "ਲਾਲ" ਚੌਕਸੀ ਗਰੁੱਪ ਜਿਵੇਂ ਰੈੱਡ ਬ੍ਰਿਗੇਡ, ਸਰਾਭਾ ਬ੍ਰਿਗੇਡ (ਅਜ਼ਾਦੀ ਤੋਂ ਪਹਿਲਾਂ ਕ੍ਰਾਂਤੀਕਾਰੀ ਕਰਤਾਰ ਸਿੰਘ ਸਰਾਭਾ ਦੇ ਨਾਂ ਤੇ ਬਣਾਈ ਗਈ) ਅਤੇ ਗੁਰੀਲਾ ਸਕੁਐਡ ਹੋਂਦ ਵਿਚ ਆਏ।

ਜਦੋਂ ਫਰਵਰੀ, 1991 ਵਿਚ, ਸਮਰਾਲਾ ਇਲਾਕੇ ਦੇ ਚਰੀ ਪਿੰਡ ਵਿਚ ਨਕਸਲਵਾੜੀ ਨੇਤਾ ਰਮਕ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਉਸ ਤੋਂ ਬਾਅਦ ਉਸ ਦੇ ਜਵਾਬ ਵਿਚ ਰੈੱਡ ਸਕੁਐਡ ਨੇ ਸਮਰਾਲਾ ਦੇ ਨਜ਼ਦੀਕ ਭੋਇਆਂ ਦੇ ਸਰਪੰਚ ਦੀ ਹੱਤਿਆ ਕਰ ਦਿੱਤੀ।

18 ਨਕਸਲਵਾੜੀਆਂ ਦੀ ਉਨ੍ਹਾਂ ਦੇ ਨੇਤਾ ਸਮੇਤ ਫਰੀਦਕੋਟ ਜ਼ਿਲ੍ਹੇ ਵਿਚ ਸੀਵਿਆਂਵਾਲੀ ਪਿੰਡ ਵਿਚ ਜਿਥੇ ਉਹ ਨਾਟਕ ਖੇਡਣ ਗਏ ਹੋਏ ਸਨ,

ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਜਦੋਂ ਨਕਸਲਵਾੜੀਆਂ ਅਤੇ ਖਾੜਕੂਆਂ ਵਿਚ ਲੜਾਈ ਦੀ ਵੰਡ ਪੈ ਗਈ ਤਾਂ ਪੁਲਿਸ ਨੇ ਖੱਬੇਪੱਖੀਆਂ ਨੂੰ ਮੁਖਬਰੀ ਲਈ ਵਰਤਣਾ ਸ਼ੁਰੂ ਕਰ ਦਿੱਤਾ। 1992 ਵਿਚ ਜਦੋਂ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਸੱਤਾ ਵਿਚ ਆਈ ਤਾਂ ਸਪੱਸ਼ਟ ਰੂਪ ਵਿਚ ਇਹ ਮਹਿਸੂਸ ਕੀਤਾ ਗਿਆ ਕਿ ਜਾਂ ਤਾਂ ਖੱਬੇਪੱਖੀ ਮੁਖਬਰਾਂ ਨੇ ਉਨ੍ਹਾਂ ਦਾ ਮੰਤਵ ਪੂਰਾ ਕੀਤਾ ਹੈ ਜਾਂ ਉਹ ਆਪਣੇ ਲਾਭ ਲਈ ਇਸ ਬਦਲੇ ਬਹੁਤ ਜ਼ਿਆਦਾ ਪ੍ਰਾਪਤ ਕਰ ਰਹੇ ਸਨ। ਭਾਵੇਂ ਕੋਈ ਵੀ ਕਾਰਨ ਹੋਵੇ, 1992 ਦੇ ਅਖੀਰ ਅਤੇ 1993 ਦੇ ਸ਼ੁਰੂ ਵਿਚ, ਇਨ੍ਹਾਂ ਵਿਚੋਂ ਬਹੁਤ ਸਾਰੇ ਮੁਖਬਰ ਪੁਲਿਸ ਦੁਆਰਾ ਮਾਰ ਦਿੱਤੇ ਗਏ ਸਨ। ਪੰਜਾਬ ਵਿਚ ਸਥਾਪਿਤ ਪ੍ਰਤਿਨਿਧੀ ਸਰਕਾਰ ਨਾਲ ਇਹ ਸੰਭਾਵਨਾ ਸਪੱਸ਼ਟ ਸੀ ਕਿ ਉਹ ਵਿਅਕਤੀ ਜਿਹੜੇ ਬਹੁਤ ਕੁਝ ਜਾਣਦੇ ਸਨ ਉਹ ਪ੍ਰੇਸ਼ਾਨ ਵੀ ਹੋ ਸਕਦੇ ਹਨ। ਨਿਸਚੈ ਹੀ, ਮੁਖਬਰ ਉਸ ਸ਼੍ਰੇਣੀ ਵਿਚ ਸਨ ਅਤੇ ਇਹ ਬਿਲਕੁਲ ਸੰਭਵ ਹੈ ਕਿ ਪਰੇਸ਼ਾਨੀ ਨੂੰ ਦੂਰ ਕਰਨ ਦੀ ਇੱਛਾ ਨੇ ਇਨ੍ਹਾਂ ਵਿਅਕਤੀਆਂ ਨੂੰ ਹਟਾਉਣ ਲਈ ਪੁਲਿਸ ਨੂੰ ਪ੍ਰੇਰਿਤ ਕੀਤਾ। ਰਾਤੋਰਾਤ ਭਾਰਤੀ ਕਮਿਊਨਿਸਟ ਪਾਰਟੀ ਦੇ ਨੇਤਾ ਸ਼੍ਰੀ ਸੱਤਪਾਲ ਡਾਂਗ ਅਤੇ ਜਗਜੀਤ ਸਿੰਘ ਆਨੰਦ ਮਨੁੱਖੀ ਅਧਿਕਾਰ ਕਾਰਜਕਰਤਾਵਾਂ ਵਜੋਂ ਉਭਰੇ।

ਪਿਛੋਕੜ ਨੂੰ ਵੇਖਦੇ ਹੋਏ, ਇਹ ਕਿਹਾ ਜਾਣਾ ਚਾਹੀਦਾ ਹੈ ਕਿ ਬੇਕਾਨੂੰਨੀ ਦੇ ਇਨ੍ਹਾਂ ਹਾਲਾਤ ਨੂੰ ਇਸ ਗੱਲ ਨੇ ਹੋਰ ਵਿਗਾੜਿਆ ਕਿ ਪੁਲਿਸ ਵਿਚ ਹਰ ਤਰ੍ਹਾਂ ਦੇ ਵਿਅਕਤੀ ਭਰਤੀ ਹੋ ਗਏ ਸਨ ਅਤੇ ਖਾੜਕੂ ਵੀ ਇਸ ਗੱਲ ਦੀ ਪਰਵਾਹ ਨਹੀਂ ਸੀ ਕਰਦੇ ਕਿ ਕਿਹੜੇ ਵਿਅਕਤੀ ਉਨ੍ਹਾਂ ਦੇ ਰੈਂਕਸ ਵਿਚ ਸ਼ਾਮਲ ਹੋਏ ਹਨ। ਦੋਨੋਂ ਪਾਸੇ, ਜਿਹੜਾ ਵੀ ਉਨ੍ਹਾਂ ਕੋਲ ਆਇਆ, ਉਸ ਨੂੰ ਬਿਨਾਂ ਕੋਈ ਸਵਾਲ ਪੁੱਛੇ ਅਸਲਾ ਅਤੇ ਟ੍ਰੇਨਿੰਗ ਦਿੱਤੀ ਜਾਂਦੀ ਸੀ।

ਭੇਡਾਂ ਦੇ ਨੁਕਤਾ-ਨਿਗਾਹ ਤੋਂ ਲੇਲਿਆਂ ਅਤੇ ਗੱਦੀ ਕੁੱਤਿਆਂ ਵਿਚ ਕਦੀ ਵੀ ਬਹੁਤਾ ਫਰਕ ਨਹੀਂ ਹੋਇਆ - ਇਥੇ ਇਕ ਅਜਿਹੀ ਸਥਿਤੀ ਪੈਦਾ ਹੋਈ ਜਦੋਂ ਇਹ ਦੱਸਣਾ ਅਸੰਭਵ ਹੋ ਗਿਆ ਸੀ ਕਿ ਇਨ੍ਹਾਂ ਵਿਚ ਕਿਹੜਾ ਕੌਣ ਹੈ। "ਆਦਮੀ ਸੁਭਾਅ ਵਜੋਂ" ਹੋਬਜ਼ ਦੇ ਪੰਨਿਆਂ ਤੋਂ ਉਪਰ ਉਭਰਿਆ ਅਤੇ ਪੰਜਾਬ ਨੂੰ "ਸਾਰਿਆਂ ਦੀ ਸਾਰਿਆਂ ਵਿਰੁੱਧ ਲੜਾਈ" ਦਾ ਸਾਹਮਣਾ ਕਰਨਾ ਪਿਆ।